


## ਦਸਮੇਸ਼ ਇਨਸਟੀਚਿਊਟ ਆਫ ਰਿਸਰਚ ਐਡ ਡੈਟਲ ਸਾਇੰਸਜ਼, ਫਰੀਦਕੋਟ

(ਮਿਤੀ 01.04.2015 ਤੂੰ 31.03.2016 ਤੱਕ ਲਈ ਕੰਟੀਨ ਚਲਾਉਣ ਦਾ ਇਕਰਾਰਨਾਮਾ)

1 ਉਕਤ ਕੰਟੀਨ ਚਲਾਉਣ ਲਈ ਲਾਸੰਸਦਾਤਾ ਲਸੰਸੀ ਨੂੰ ਮਿਤੀ 01.04.2015 ਤੇ 31.03.2016 ਤੱਕ ਕਮਰਾ, ਲੋੜੀਦਾ ਫਰਨੀਚਰ ਅਤੇ ਬਿਜਲੀ੍ਪਾਣੀ ਜੋ ਪਹਿਲੇ ਹੀ ਕੰਟੀਨ ਵਿੱਚ ਉਪਲੱਬਧ ਹਨ, ਪਰਦਾਨ ਕਰੇਗਾ। ਬਿਜਲੀ੍ਪਾਣੀ ਦਾ ਖਰਚਾ ਲਸੰਸੀ ਬਿਜਲੀ੍ਪਾਣੀ ਦੀ ਖਪਤ ਅਨੁਸਾਰ ਅਦਾ ਕਰੇਗਾ।

2 ਲਸੰਸੀ ਚਾਹ, ਦੁੱਧ, ਠੰਡਾ, ਸਨੈਕਸ, ਫਾਸਟ ਫੂਡ ਆਦਿ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਨਿਰਧਾਰਤ ਦਰਾਂ ਤੇ ਨਾਲ ਨੱਥੀ ਲਿਸਟ ਅਨੁਸਾਰ ਕਾਲਿਜ ਖੁਲਣ ਦੇ ਸਾਰੇ ਸਮੇ ਦੌਰਾਨ ਪ੍ਰਦਾਨ ਕਰੇਗਾ।

3 ਲਸੰਸੀ 187200/- ਰੁਪਏ ਲਸੰਸਦਾਤਾ ਨੂੰ ਲਸੰਸ ਦੀ ਫੀਸ ਵਜੋ ਅਦਾ ਕਰੇਗਾ ਅਤੇ ਇਸ ਲਸੰਸ ਫੀਸ ਦਾ 1/4 ਹਿੱਸਾ 49700/- ਰੁਪਏ ਤੁਰੰਤ ਜਮਾਂ ਕਰਵਾਏਗਾ ਅਤੇ ਬਾਕੀ ਦੇ 137500/- ਰੁਪਏ 11 ਮਾਸਿਕ ਕਿਸਤਾਂ ਵਿੱਚ 12500/- ਰੁਪਏ ਪ੍ਰਤੀ ਕਿਸਤ ਦੀ ਦਰ ਨਾਲ ਹਰ ਮਹੀਨੇ ਦੀ 10 ਤਰੀਕ ਤੱਕ ਅਡਵਾਂਸ ਜਮਾਂ ਕਰਵਾਏ ਜਾਣੇ ਜਰੂਰੀ ਹੋਣਗੇ। 10 ਤਰੀਕ ਤੇ ਬਾਅਦ ਮਹੀਨੇ ਦੀ ਆਖਰੀ ਤਰੀਕ ਤੱਕ ਫੀਸ ਨਾ ਭਰਨ ਤੇ 10% ਪ੍ਰਤੀ ਮਹੀਨਾ ਵਿਆਜ ਅਦਾ ਕਰਨਾ ਪਵੇਗਾ। ਇੱਕ ਮਹੀਨੇ ਤੱਕ ਅਦਾਇਗੀ ਨਾ ਕਰਨ ਤੇ ਲਸੰਸਦਾਤਾ ਨੂੰ ਲਸੰਸੀ ਤੋ ਕੰਟੀਨ ਖਾਲੀ ਕਰਾਉਣ ਦਾ ਅਤੇ ਹੋਰ ਵਿਅਕਤੀ ਨੂੰ ਕੰਟੀਨ ਦੇਣ ਦਾ ਅਧਿਕਾਰ ਹੋਵੇਗਾ।

4 ਲਸੰਸੀ 20000/- ਰੁਪਏ ਸਕਿਊਰਟੀ ਵਜੋ ਜਮ੍ਹਾਂ ਕਰਵਾਏਗਾ ਅਤੇ ਇਹ ਰਕਮ ਉਸਨੂੰ ਸਾਲ ਦੇ ਅੰਤ ਤੇ ਬਿਨਾਂ ਵਿਆਜ ਅਦਾਇਗੀ ਯੋਗ ਹੋਵੇਗੀ। ਕਿਸੇ ਕਿਸਮ ਦੀ ਕੁਤਾਹੀ ਜਾਂ ਵਸਤੂਆਂ ਵਿੱਚ ਘਟੀਆਪਨ ਪਾਇਆ ਜਾਣ ਤੇ ਲਸੰਸੀ ਨੂੰ ਲਸੰਸਦਾਤਾ ਵਲੋ ਜੁਰਮਾਨਾਂ ਕੀਤਾ ਜਾ ਸਕੇਗਾ ਜੋ ਇਸ ਸਕਿਊਰਟੀ ਦੀ ਰਕਮ ਵਿਚੋ ਕਟੌਤੀ ਕਰਕੇ ਵਸੂਲਿਆ ਜਾ ਸਕੇਗਾ।

5 ਸਾਰੇ ਟੈਕਸ ਸਮੇਤ ਸਰਵਿਸ ਟੈਕਸ ਅਤੇ ਫੀਸਾਂ, ਜੋ ਸਰਕਾਰ ਜਾਂ ਕਿਸੇ ਹੋਰ ਅਧਿਕਾਰੀ ਦੇ ਹੁਕਮਾਂ ਅਨੁਸਾਰ ਸਮੇ ਸਮੇ ਅਦਾਇਗੀ ਯੋਗ ਹੋਣਗੀਆਂ, ਦੀ ਅਦਾਇਗੀ ਲਾਸੰਸੀ ਦੀ ਜਿੰਮੇਵਾਰੀ ਹੋਵੇਗੀ।

6 ਕੰਟੀਨ ਵਿੱਚ ਅੱਗ ਲੱਗਣ ਨੂੰ ਰੋਕਣ ਲਈ ਸਾਰੇ ਲੋੜੀਦੇ ਪ੍ਰਬੰਧ ਲਾਸੰਸੀ ਵੱਲੋ ਕੀਤੇ ਜਾਣਗੇ।

7 ਕੰਟੀਨ ਦਾ ਸਾਰਾ ਸਟਾਫ ਲਾਸਿੰਸੀ ਦਾ ਹੋਵੇਗਾ। ਲਾਸੰਸਦਾਰ ਨਾਲ ਕਿਸੇ ਵੀ ਸਟਾਫ ਮੈਬਰ ਦਾ ਮਾਲਕ – ਨੌਕਰ ਦਾ ਸਬੰਧ ਨਹੀ ਹੋਵੇਗ।

8 ਸਾਰੀਆਂ ਵਸਤੂਆਂ ਕੰਟੀਨ੍ਮੈਸ ਵਿੱਚ ਹੀ ਤਿਆਰ ਕੀਤੀਆਂ ਜਾਣਗੀਆਂ। ਕੋਈ ਵੀ ਬਜਾਰ ਵਿੱਚੋ ਲਿਆਂਦੀ ਜਾਂ ਬਾਸੀ ਵਸਤੂ ਗਰਮ ਕਰਕੇ ਨਹੀ ਵਰਤਾਈ ਜਾਵੇਗੀ।

ਕਾਲਜ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋ ਮੰਗਾਈ ਗਈ ਵਸਤੂ ਅਧਿਕਾਰੀਆਂ/ਕਰਮਚਾਰੀਆਂ ਦੀ ਸੀਟ ਤੇ ਪੁਜਦੀ ਕਰਨਾਂ ਲਸੰਸੀ ਦੀ ਜਿੰਮੇਵਾਰੀ ਹੋਵੇਗੀ।

10 ਲਸੰਸੀ ਕੰਟੀਨ, ਬਰਤਨ, ਵਸਤੂ ਅਤੇ ਆਪਦੇ ਕਰਮਚਾਰੀਆਂ ਦੀ ਸਫਾਈ ਦਾ ਖਾਸ ਧਿਆਨ ਰੱਖੇਗਾ। ਉਸਦੇ ਅਤੇ ਉਸਦੇ ਕਰਮਚਾਰੀਆਂ ਦੇ ਪਹਿਨੇ ਬਸਤਰ ਸਵੱਛ ਅਤੇ ਉਜਲ ਹੋਣਗੇ।

11 ਕਾਲਜ ਵਿੱਚ ਹੋਣ ਵਾਲੇ ਖਾਸ ਸਮਾਗਮਾਂ ਲਈ ਖਾਣ ਪੀਣ ਆਦਿ ਦਾ ਸਾਰਾ ਪ੍ਰਬੰਧ ਕਾਲਿਜ ਆਧਿਕਾਰੀਆਂ ਦੀ ਇੱਛਾ ਅਨੁਸਾਰ ਲਸੰਸੀ ਨੇ ਕਰਨਾਂ ਹੋਵੇਗਾ। ਇਹਨਾਂ ਤੇ ਹੋਣ ਵਾਲਾ ਖਰਚਾ ਵਾਜਬ ਦਰਾਂ ਤੇ ਲਸੰਸੀ ਨੂੰ ਲਸੰਸਦਾਤਾ ਅਦਾ ਕਰੇਗਾ।

12 ਕਾਲਜ ਵੱਲੋ ਅਦਾ ਕੀਤੇ ਜਾਣ ਵਾਲੇ ਖਰਚੇ ਦੀ ਵਸਤੂ ਸਮਰੱਥ ਅਧਿਕਾਰੀ ਦੀ ਚਿੱਟ ਤੇ ਹੀ ਲਸੰਸੀ ਪਰਦਾਨ ਕਰੇਗਾ। ਬਿਨਾਂ ਸਮਰੱਥ ਅਧਿਕਾਰੀ ਦੀ ਚਿੱਟ ਤੋ ਪਰਦਾਨ ਕੀਤੀ ਗਈ ਵਸਤੂ ਦੀ ਕੀਮਤ ਕਾਲਜ ਵੱਲੋ ਅਦਾ ਨਹੀ ਕੀਤੀ ਜਾਵੇਗੀ।

13 ਲਸੰਸੀ ਵੱਲੋ ਵਿਦਿਆਰਥੀਆਂ ਆਦਿ ਨੂੰ ਉਧਾਰ ਦਿੱਤੀਆਂ ਗਈਆਂ ਵਸਤੂਆਂ ਦੀ ਰਕਮ ਦੀ ਵਸੂਲੀ ਦਾ ਲਸੰਸਦਾਰ ਜਿੰਮੇਵਾਰ ਨਹੀ ਹੋਵੇਗਾ।

14 ਲਸੰਸ ਦੀ ਮਿਆਦ ਪੂਰੀ ਹੋਣ ਤੇ ਲਸੰਸੀ ਲਸੰਸਦਾਤਾ ਦੀ ਥਾਂ ਆਪਣੇ ਆਪ ਖਾਲੀ ਕਰ ਦੇਵੇਗਾ ਅਤੇ ਉਸਨੂੰ ਬੇਦਖਲ ਕਰਨ ਲਈ ਕਿਸੇ ਹੋਰ ਨੋਟਿਸ ਦੇਣ ਦੀ ਲੋੜ ਨਹੀ ਹੋਵੇਗੀ।

ਨਰੇਸ਼ ਕੁਮਾਰ
ਨਰੇਸ਼ ਕੁਮਾਰ
ਪੁੱਤਰ ਸ੍ਰੀ ਫੁਲਟਨ ਚੰਦ ਭਗਤ
ਗਲੀ ਨੰ 1, ਬਾਜੀਗਰ ਬਸਤੀ, ਫਰੀਦਕੋਟ।

ਪ੍ਰਿੰਸੀਪਲ
ਦਸਮੇਸ਼ ਇੰਸਟੀਚਿਊਟ ਆਫ
ਰਿਸਰਚ ਐਂਡ ਡੈਂਟਲ ਸਾਇੰਸਜ਼
ਫਰੀਦਕੋਟ।